# ਪੰਜਾਬ ਟੈਕਨੀਕਲ ਇੰਸਟੀਚਿਊਸ਼ਨਜ਼ ਸਪੋਰਟਸ (ਪੀ.ਟੀ.ਆਈ.ਐਸ)

## ਯੁਵਕ ਮੇਲੇ ਲਈ ਪ੍ਰਵਾਨਤ ਨਿਯਮ : 2019-20

| ਲੜੀ ਨੰ. | ਯੁਵਕ ਮੇਲੇ ਦੇ ਈਵੈਂਟ |
|---|---|
| 1 | ਸ਼ਬਦ ਗਾਇਨ |
| 2 | ਕੋਰੀਓਗ੍ਰਾਫੀ |
| 3 | ਲੋਕ ਗੀਤ |
| 4 | ਕਵਿਤਾ ਉਚਾਰਨ |
| 5 | ਸੋਲੋ ਡਾਂਸ |
| 6 | ਗਿੱਧਾ |
| 7 | ਭੰਗੜਾ |
| 8 | ਲੇਖ ਰਚਨਾ |
| 9 | ਰੰਗੋਲੀ |
| 10 | ਪੋਸਟਰ ਮੇਕਿੰਗ |

ਉਪਰੋਕਤ ਈਵੈਂਟਸ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਹੇਠ ਲਿਖੇ ਨਿਯਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਜ਼ਰੂਰੀ ਹੋਵੇਗੀ :

### 1. ਸ਼ਬਦ ਗਾਇਨ

1.1 ਸ਼ਬਦ ਗਾਇਨ ਦੇ ਪ੍ਰਤੀਯੋਗੀਆਂ ਦੀ ਗਿਣਤੀ 1 ਤੋਂ 3 ਤੱਕ ਹੋ ਸਕਦੀ ਹੈ। ਇਸ ਤੋਂ ਇਲਾਵਾ ਵੱਧ ਤੋਂ ਵੱਧ 3 ਸਾਜੀ ਕਲਾਕਾਰ ਸਬੰਧਤ ਕਾਲਜ ਜਾਂ ਬਾਹਰੋਂ ਹੋ ਸਕਦੇ ਹਨ।

1.2 ਸ਼ਬਦ ਗਾਇਨ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਹੀ ਹੋਵੇਗਾ।

1.3 ਇਸ ਦਾ ਸਮਾਂ 6 ਤੋਂ 8 ਮਿੰਟ ਦਾ ਹੋਵੇਗਾ। 6 ਮਿੰਟ ਪੂਰੇ ਹੋਣ ਤੇ ਪਹਿਲੀ ਘੰਟੀ ਅਤੇ 8 ਮਿੰਟ ਪੂਰੇ ਹੋਣ ਤੇ ਅੰਤਿਮ ਘੰਟੀ ਵੱਜੇਗੀ। ਵੱਧ ਜਾਂ ਘੱਟ ਸਮਾਂ ਲੈਣ ਵਾਲੇ ਪ੍ਰਤੀਯੋਗੀ / ਟੀਮ ਨੂੰ ਮੁਕਾਬਲੇ ਵਿੱਚੋਂ ਬਾਹਰ ਸਮਝਿਆ ਜਾਵੇਗਾ।

1.4 ਟੀਮ ਵਿੱਚ ਲੜਕੇ ਅਤੇ ਲੜਕੀਆਂ ਦਾ ਅਨੁਪਾਤ ਕੋਈ ਵੀ ਹੋ ਸਕਦਾ ਹੈ।

1.5 ਸ਼ਬਦ ਗਾਇਨ ਦੀ ਪੇਸ਼ਕਾਰੀ ਦੇ ਨਿਰਣੇ ਲਈ ਸੁਰ, ਤਾਲ ਅਤੇ ਸਮੁੱਚੇ ਪ੍ਰਭਾਵ ਨੂੰ ਪ੍ਰਮੁੱਖਤਾ ਦਿੱਤੀ ਜਾਵੇਗੀ।

1.6 ਪਹਿਰਾਵੇ ਅਤੇ ਰੂਪ-ਸੱਜਾ ਨੂੰ ਤਰਜੀਹ ਨਹੀਂ ਦਿੱਤੀ ਜਾਵੇਗੀ। ਸਟੇਜ ਸੈਟਿੰਗ ਲਈ ਵੱਧ ਤੋਂ ਵੱਧ 2 ਮਿੰਟ ਦਿੱਤੇ ਜਾਣਗੇ।



Scanned by CamScanner

## 2. ਕੋਰੀਓਗ੍ਰਾਫੀ

2.1 ਕੋਰੀਓਗ੍ਰਾਫੀ ਦਾ ਸਮਾਂ 6 ਤੋਂ 8 ਮਿੰਟ ਦਾ ਹੋਵੇਗਾ। 6 ਮਿੰਟ ਪੂਰੇ ਹੋਣ ਤੇ ਪਹਿਲੀ ਘੰਟੀ ਅਤੇ 8 ਮਿੰਟ ਪੂਰੇ ਹੋਣ ਤੇ ਅੰਤਿਮ ਘੰਟੀ ਵੱਜੇਗੀ। ਵੱਧ ਜਾਂ ਘੱਟ ਸਮਾਂ ਲੈਣ ਵਾਲੀ ਟੀਮ ਨੂੰ ਮੁਕਾਬਲੇ ਵਿੱਚੋਂ ਬਾਹਰ ਸਮਝਿਆ ਜਾਵੇਗਾ।

2.2 ਇਸ ਵਿੱਚ ਵੱਧ ਤੋਂ ਵੱਧ 6 ਪ੍ਰਤੀਯੋਗੀ ਭਾਗ ਲੈ ਸਕਦੇ ਹਨ।

2.3 ਗੀਤ ਜਾਂ ਮਿਊਜ਼ਿਕ ਦੇ ਅਧਾਰ ਤੇ ਸਟੇਜ ਉੱਪਰ ਕਹਾਣੀ ਪੇਸ਼ ਕੀਤੀ ਜਾਵੇਗੀ।

2.4 ਸਰੀਰ ਉੱਪਰ ਬੈਨਰ ਲਗਾਉਣ ਦੀ ਇਜਾਜ਼ਤ ਹੈ।

2.5 ਗੀਤ ਜਾਂ ਕੋਈ ਸੀਨ ਅਸੱਭਿਅਕ ਨਹੀਂ ਹੋਣਾ ਚਾਹੀਦਾ।

2.6 ਸਟੇਜ ਉੱਪਰ ਫਾਲਤੂ ਐਕਸ਼ਨ ਅਤੇ ਕਿਸੇ ਵੀ ਕਿਸਮ ਦੀ ਸਮੱਗਰੀ ਦੀ ਵਰਤੋਂ ਕਰਨ ਦੀ ਮਨਾਹੀ ਹੋਵੇਗੀ। ਬੈਨਰ ਦੀ ਵਰਤੋਂ ਕੀਤੀ ਜਾ ਸਕਦੀ ਹੈ।

2.7 ਟੀਮ ਆਪਣਾ ਮਿਊਜ਼ਿਕ ਪਲੇਅਰ ਵੀ ਲਿਆ ਸਕਦੀ ਹੈ।

2.8 ਪੈੱਨ ਡਰਾਈਵ / ਸੀ.ਡੀ. / ਮੀਡੀਆ ਆਦਿ ਵਿੱਚ ਸਿਰਫ ਸਬੰਧਤ ਆਈਟਮ ਹੀ ਰਿਕਾਰਡ ਕੀਤੀ ਹੋਣੀ ਚਾਹੀਦੀ ਹੈ।

## 3. ਲੋਕ ਗੀਤ

3.1 ਲੋਕ ਗੀਤ ਦਾ ਸਮਾਂ 3 ਤੋਂ 5 ਮਿੰਟ ਦਾ ਹੋਵੇਗਾ। 3 ਮਿੰਟ ਪੂਰੇ ਹੋਣ ਤੇ ਪਹਿਲੀ ਘੰਟੀ ਅਤੇ 5 ਮਿੰਟ ਪੂਰੇ ਹੋਣ ਤੇ ਅੰਤਿਮ ਘੰਟੀ ਵੱਜੇਗੀ। ਵੱਧ ਜਾਂ ਘੱਟ ਸਮਾਂ ਲੈਣ ਵਾਲਾ ਪ੍ਰਤੀਯੋਗੀ ਮੁਕਾਬਲੇ ਵਿੱਚੋਂ ਬਾਹਰ ਸਮਝਿਆ ਜਾਵੇਗਾ।

3.2 ਇਸ ਵਿੱਚ ਇੱਕ ਪ੍ਰਤੀਯੋਗੀ ਹੀ ਭਾਗ ਲਵੇਗਾ ਅਤੇ ਇਸ ਤੋਂ ਇਲਾਵਾ, ਵੱਧ ਤੋਂ ਵੱਧ ਦੋ ਸਹਿਯੋਗੀ ਮਿਊਜ਼ਕ ਵਾਲੇ ਹੋ ਸਕਦੇ ਹਨ।

3.3 ਗਾਏ ਜਾਣ ਵਾਲੇ ਗੀਤ ਦਾ ਵਿਸ਼ਾ ਹੌਲਾ ਜਾਂ ਅਸ਼ਲੀਲ ਨਹੀਂ ਹੋਣਾ ਚਾਹੀਦਾ। ਲੋਕ ਗੀਤ ਰਿਕਾਰਡ ਹੋਈ ਧੁਨ ਤੇ ਵੀ ਪੇਸ਼ ਹੋ ਸਕਦਾ ਹੈ।

3.4 ਲੋਕ ਗੀਤ ਫਿਲਮੀ ਨਹੀਂ ਹੋਣਾ ਚਾਹੀਦਾ ਪਰੰਤੂ ਜੇਕਰ ਕੋਈ ਲੋਕ ਗੀਤ ਹੋਂਦ ਵਿੱਚ ਆਉਣ ਦੇ ਬਾਅਦ ਫਿਲਮਾਇਆ ਜਾ ਚੁੱਕਾ ਹੈ ਤਾਂ ਉਸ ਨੂੰ ਲੋਕ ਗੀਤ ਦੀ ਵੰਨਗੀ ਵਿੱਚ ਹੀ ਸਮਝਿਆ ਜਾਵੇਗਾ।

3.5 ਲੋਕ ਗੀਤ ਦੀ ਪੇਸ਼ਕਾਰੀ ਵੇਲੇ ਮੌਲਿਕਤਾ, ਧੁਨ, ਰਿਦਮ, ਤਾਲ ਅਤੇ ਸੁਰ ਨੂੰ ਤਰਜੀਹ ਦਿੱਤੀ ਜਾਵੇਗੀ।

3.6 ਹੀਰ, ਮਿਰਜ਼ਾ, ਸੱਸੀ ਜੋ ਕਿ ਸਥਾਪਤ ਰਿਦਮ ਵਿੱਚ ਪੇਸ਼ ਕੀਤੇ ਜਾਣਗੇ, ਨੂੰ ਹੀ ਲੋਕ ਗੀਤ ਦੀ ਵੰਨਗੀ ਵਿੱਚ ਰੱਖਿਆ ਗਿਆ ਹੈ।

3.7 ਲੋਕ ਗੀਤਾਂ ਲਈ ਕੇਵਲ ਲੋਕ ਸਾਜਾਂ ਦੀ ਹੀ ਵਰਤੋਂ ਹੋ ਸਕਦੀ ਹੈ ਅਤੇ ਕੈਸੀਓ, ਗਿਟਾਰ, ਸੈਕਸੋਫੋਨ ਆਦਿ ਵਰਤਣ ਦੀ ਮਨਾਹੀ ਹੈ, ਪ੍ਰੰਤੂ ਹਰਮੋਨੀਅਮ ਦੀ ਵਰਤੋਂ ਹੋ ਸਕਦੀ ਹੈ।

3.8 ਲੋਕ ਗੀਤ ਪੇਸ਼ ਕਰਨ ਵੇਲੇ ਪਹਿਰਾਵਾ ਸੁਚੱਜਾ ਹੋਣਾ ਚਾਹੀਦਾ ਹੈ ਪਰ ਇਸ ਨੂੰ ਤਰਜੀਹ ਨਹੀਂ ਦਿੱਤੀ ਜਾਵੇਗੀ।



Scanned by CamScanner

## 4. ਕਵਿਤਾ ਉਚਾਰਨ

4.1 ਕਵਿਤਾ ਉਚਾਰਨ ਦਾ ਸਮਾਂ 3 ਤੋਂ 5 ਮਿੰਟ ਦਾ ਹੋਵੇਗਾ। 3 ਮਿੰਟ ਪੂਰੇ ਹੋਣ ਤੇ ਪਹਿਲੀ ਘੰਟੀ ਅਤੇ 5 ਮਿੰਟ ਪੂਰੇ ਹੋਣ ਤੇ ਅੰਤਿਮ ਘੰਟੀ ਵੱਜੇਗੀ। ਵੱਧ ਜਾਂ ਘੱਟ ਸਮਾਂ ਲੈਣ ਵਾਲਾ ਪ੍ਰਤੀਯੋਗੀ ਮੁਕਾਬਲੇ ਵਿੱਚੋਂ ਬਾਹਰ ਸਮਝਿਆ ਜਾਵੇਗਾ।

4.2 ਕਵਿਤਾ ਉਚਾਰਨ ਵਿੱਚ ਇੱਕ ਪ੍ਰਤੀਯੋਗੀ ਹੀ ਭਾਗ ਲਵੇਗਾ।

4.3 ਕਵਿਤਾ ਆਪਣੀ ਜਾਂ ਕਿਸੇ ਵੀ ਕਵੀ ਦੀ ਲਿਖੀ ਹੋ ਸਕਦੀ ਹੈ।

4.4 ਕਵਿਤਾ ਫਿਲਮੀ ਨਹੀਂ ਹੋਣੀ ਚਾਹੀਦੀ ਪਰੰਤੂ ਜੇਕਰ ਕੋਈ ਕਵਿਤਾ ਹੋਂਦ ਵਿੱਚ ਆਉਣ ਦੇ ਬਾਅਦ ਫਿਲਮਾਈ ਜਾ ਚੁੱਕੀ ਹੈ ਤਾਂ ਉਸ ਨੂੰ ਕਵਿਤਾ ਦੀ ਵੰਨਗੀ ਵਿੱਚ ਹੀ ਸਮਝਿਆ ਜਾਵੇਗਾ।

4.5 ਕਵਿਤਾ ਪੇਸ਼ ਕਰਨ ਵੇਲੇ ਪਹਿਰਾਵਾ ਸੁਚੱਜਾ ਹੋਣਾ ਚਾਹੀਦਾ ਹੈ ਪਰ ਇਸ ਨੂੰ ਤਰਜੀਹ ਨਹੀਂ ਦਿੱਤੀ ਜਾਵੇਗੀ।

## 5. ਸੋਲੋ ਡਾਂਸ

5.1 ਸੋਲੋ ਡਾਂਸ ਦਾ ਸਮਾਂ 3 ਤੋਂ 5 ਮਿੰਟ ਦਾ ਹੋਵੇਗਾ। 3 ਮਿੰਟ ਪੂਰੇ ਹੋਣ ਤੇ ਪਹਿਲੀ ਘੰਟੀ ਅਤੇ 5 ਮਿੰਟ ਪੂਰੇ ਹੋਣ ਤੇ ਅੰਤਿਮ ਘੰਟੀ ਵੱਜੇਗੀ। ਘੱਟ ਜਾਂ ਵੱਧ ਸਮਾਂ ਲੈਣ ਵਾਲਾ ਪ੍ਰਤੀਯੋਗੀ ਮੁਕਾਬਲੇ ਵਿੱਚੋਂ ਬਾਹਰ ਸਮਝਿਆ ਜਾਵੇਗਾ।

5.2 ਪਿੱਠ ਵਰਤੀ ਗੀਤ ਜਾਂ ਮਿਊਜ਼ਿਕ ਤੇ ਡਾਂਸ ਹੋ ਸਕਦਾ ਹੈ।

5.3 ਕਲਾਕਾਰ ਹੱਥ ਵਿੱਚ ਕੋਈ ਵੀ ਮਿਊਜ਼ਿਕ ਵਾਲਾ ਸਾਜ ਸਟੇਜ ਤੇ ਨਹੀਂ ਲੈ ਕੇ ਆਵੇਗਾ।

5.4 ਗੀਤ ਜਾਂ ਕੋਈ ਸੀਨ ਅਸੱਭਿਅਕ ਨਹੀਂ ਹੋਣਾ ਚਾਹੀਦਾ। ਗੀਤ ਅਤੇ ਮਿਊਜ਼ਿਕ ਅਨੁਸਾਰ ਪਹਿਰਾਵੇ ਅਤੇ ਤਾਲ ਨੂੰ ਤਰਜੀਹ ਦਿੱਤੀ ਜਾਵੇਗੀ।

5.5 ਟੀਮ ਆਪਣਾ ਮਿਊਜ਼ਿਕ ਪਲੇਅਰ ਵੀ ਲਿਆ ਸਕਦੀ ਹੈ।

5.6 ਪੈੱਨ ਡਰਾਈਵ / ਸੀ.ਡੀ. ਅਤੇ ਮੀਡੀਆ ਆਦਿ ਵਿੱਚ ਸਿਰਫ਼ ਸਬੰਧਤ ਆਈਟਮ ਹੀ ਰਿਕਾਰਡ ਕੀਤੀ ਹੋਣੀ ਚਾਹੀਦੀ ਹੈ।



Scanned by CamScanner

## 6. ਗਿੱਧਾ

6.1 ਗਿੱਧੇ ਦਾ ਸਮਾਂ 8 ਤੋਂ 10 ਮਿੰਟ ਦਾ ਹੋਵੇਗਾ। 8 ਮਿੰਟ ਪੂਰੇ ਹੋਣ ਤੇ ਪਹਿਲੀ ਘੰਟੀ ਵੱਜੇਗੀ ਅਤੇ 10 ਮਿੰਟ ਪੂਰੇ ਹੋਣ ਤੇ ਅੰਤਿਮ ਘੰਟੀ ਵੱਜੇਗੀ।ਵੱਧ ਜਾਂ ਘੱਟ ਸਮਾਂ ਲੈਣ ਵਾਲੀ ਟੀਮ ਮੁਕਾਬਲੇ ਵਿਚੋਂ ਬਾਹਰ ਸਮਝੀ ਜਾਵੇਗੀ।

6.2 ਇਸ ਵਿੱਚ 8 ਤੋਂ 11 ਪ੍ਰਤੀਯੋਗੀ ਹੋ ਸਕਦੇ ਹਨ ਜਿਨ੍ਹਾਂ ਵਿੱਚੋਂ 3 ਸਹਿਯੋਗੀ ਵਿਦਿਆਰਥਣਾਂ ਉਸੇ ਕਾਲਜ ਦੀਆਂ ਹੀ ਹੋਣਗੀਆਂ ਜੋ ਕਿ ਬੋਲੀ ਵੀ ਪਾ ਸਕਦੀਆਂ ਹਨ। ਬਾਕੀ 8 ਵਿਦਿਆਰਥਣਾਂ ਗਿੱਧਾ ਪਾਉਣਗੀਆਂ।

6.3 ਢੋਲਕੀ ਮਾਸਟਰ ਬਾਹਰੋਂ ਹੋ ਸਕਦਾ ਹੈ।

6.4 ਢੋਲ ਦੀ ਇਜਾਜ਼ਤ ਨਹੀਂ ਹੋਵੇਗੀ।

6.5 ਬੋਲੀ ਸਿਰਫ ਵਿਦਿਆਰਥਣਾਂ ਹੀ ਪਾਉਣਗੀਆਂ ਅਤੇ ਕੋਈ ਵੀ ਬੋਲੀ ਅਸੱਭਿਅਕ ਜਾਂ ਅਸ਼ਲੀਲ ਨਹੀਂ ਹੋਣੀ ਚਾਹੀਦੀ।

6.6 ਵਿਦਿਆਰਥਣਾਂ ਵੱਲੋਂ ਕੱਚ ਦੀਆਂ ਚੂੜੀਆਂ ਪਾਉਣ ਅਤੇ ਅੱਗ ਵਾਲੀ ਜਾਗੋ ਲਿਆਉਣ ਦੀ ਮਨਾਹੀ ਹੋਵੇਗੀ।

**ਨੋਟ:** ਸਿਰਫ ਪੰਜਾਬੀ ਇਸਤਰੀਆਂ ਵਾਲਾ ਪਹਿਰਾਵਾ ਜਿਵੇਂ ਸਲਵਾਰ-ਕਮੀਜ਼ / ਘੱਗਰਾ-ਕੁੜਤੀ ਦੀ ਇਜਾਜ਼ਤ ਹੋਵੇਗੀ ਅਤੇ ਸਿਰਫ ਪ੍ਰੰਪਰਾਗਤ ਪੰਜਾਬੀ ਇਸਤਰੀ ਗਹਿਣਿਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਐਕਸ਼ਨ ਪ੍ਰੰਪਰਾਗਤੀ ਢੋਲਕੀ ਦੀ ਤਾਲ ਅਤੇ ਬੋਲੀ ਦੇ ਅਨੁਸਾਰ ਹੋਣੇ ਚਾਹੀਦੇ ਹਨ। ਸਟੇਜ ਤੇ ਦਾਖਲ ਹੋਣ ਸਮੇਂ ਸੀਨ ਜੋ ਕਿ ਅਸਲ ਵਿੱਚ ਗਿੱਧਾ ਸ਼ੁਰੂ ਹੋਣ ਤੋਂ ਪਹਿਲਾਂ ਕੀਤਾ ਜਾਂਦਾ ਹੈ, ਨੂੰ ਕੋਈ ਵੱਖਰੀ ਅਹਿਮੀਅਤ ਨਹੀਂ ਦਿੱਤੀ ਜਾਵੇਗੀ। ਸਮਾਂ ਪਰਦਾ ਖੁੱਲਣ ਜਾਂ ਢੋਲਕੀ ਦੀ ਤਾਲ ਸੁਣਨ ਤੇ ਜੋ ਵੀ ਪਹਿਲਾਂ ਹੋਵੇ, ਤੋਂ ਸ਼ੁਰੂ ਹੋਵੇਗਾ। ਸਟੇਜ ਉੱਪਰ ਪੇਸ਼ਕਾਰੀ ਕਰਨ ਸਮੇਂ ਬਾਹਰੋਂ ਕਿਸੇ ਕੋਚ / ਇੰਚਾਰਜ ਆਦਿ ਦੀਆਂ ਸੇਵਾਵਾਂ ਨਹੀਂ ਲਈਆਂ ਜਾ ਸਕਦੀਆਂ।

## 7. ਭੰਗੜਾ

7.1 ਭੰਗੜੇ ਦਾ ਸਮਾਂ 8 ਤੋਂ 10 ਮਿੰਟ ਦਾ ਹੋਵੇਗਾ। 8 ਮਿੰਟ ਪੂਰੇ ਹੋਣ ਤੇ ਪਹਿਲੀ ਘੰਟੀ ਅਤੇ 10 ਮਿੰਟ ਪੂਰੇ ਹੋਣ ਤੇ ਅੰਤਿਮ ਘੰਟੀ ਵੱਜੇਗੀ। ਵੱਧ ਜਾਂ ਘੱਟ ਸਮਾਂ ਲੈਣ ਵਾਲੀ ਟੀਮ ਮੁਕਾਬਲੇ ਵਿਚੋਂ ਬਾਹਰ ਸਮਝੀ ਜਾਵੇਗੀ।

7.2 ਇਸ ਵਿੱਚ 8 ਲੜਕੇ ਹੀ ਭੰਗੜਾ ਪਾ ਸਕਦੇ ਹਨ।

7.3 ਇਸ ਤੋਂ ਇਲਾਵਾ 3 ਸਹਿਯੋਗੀ ਬੋਲੀਆਂ ਪਾਉਣ ਲਈ ਹੋ ਸਕਦੇ ਹਨ ਜੋ ਕਿ ਸਬੰਧਤ ਕਾਲਜ ਦੇ ਵਿਦਿਆਰਥੀ ਹੋਣਗੇ ਅਤੇ ਢੋਲੀ ਬਾਹਰੋਂ ਹੋ ਸਕਦਾ ਹੈ।

7.4 ਕੋਈ ਅਸੱਭਿਅਕ ਜਾਂ ਅਸ਼ਲੀਲ ਬੋਲੀ ਨਹੀਂ ਹੋਣੀ ਚਾਹੀਦੀ। ਬੋਲੀ, ਭੰਗੜੇ ਦੇ ਰਿਦਮ ਅਤੇ ਕਦਮਾਂ ਦੀ ਤਾਲ ਦੇ ਅਨੁਕੂਲ ਹੋਣੀ ਚਾਹੀਦੀ ਹੈ।

7.5 ਸ਼ੁਰੂ ਵਿੱਚ ਦਿੱਤੀ ਜਾਣ ਵਾਲੀ ਜਾਣ ਪਹਿਚਾਣ ਵਾਲਾ ਸਮਾਂ ਵੀ ਆਈਟਮ ਦੇ ਸਮੇਂ ਵਿੱਚ ਹੀ ਗਿਣਿਆ ਜਾਵੇਗਾ।

**ਨੋਟ:** ਸਿਰਫ ਪੰਜਾਬੀ ਮਰਦਾਨਾ ਪਹਿਰਾਵਾ ਜਿਵੇਂ ਕਿ ਕੁੜਤਾ-ਚਾਦਰਾ, ਜੈਕਟ ਅਤੇ ਪੱਗ ਦੀ ਇਜਾਜ਼ਤ ਹੈ। ਪੱਗ ਦਾ ਕੋਈ ਸਪੈਸ਼ਲ ਸਟਾਈਲ ਨਹੀਂ ਹੋਵੇਗਾ। ਗੋਟਾ, ਪੱਟੀ ਤੋਂ ਇਲਾਵਾ ਡਰੈਸ ਦੇ ਕਿਸੇ ਹੋਰ ਹਿੱਸੇ ਤੇ ਨਹੀਂ ਵਰਤਿਆ ਜਾ ਸਕਦਾ। ਸਿਰਫ ਦੋ ਤਰ੍ਹਾਂ ਦੇ ਗਹਿਣੇ ਜਿਵੇਂ ਕਿ ਕੈਂਠਾ, ਤਵੀਤੀ ਜਾਂ ਗਾਨੀ, ਗਲੇ ਦੇ ਆਲੇ-ਦੁਆਲੇ ਅਤੇ ਨੱਤੀ ਨੂੰ ਵਾਲਿਆਂ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਘੁੰਗਰੂ ਜ਼ਰੂਰੀ ਨਹੀਂ ਹਨ। ਬੋਲੀਆਂ ਸਿਰਫ ਪ੍ਰੰਪਰਾਗਤ ਲੋਕ ਗੀਤਾਂ ਤੇ ਆਧਾਰਿਤ ਹੋਣਗੀਆਂ। ਢੋਲ ਤੋਂ ਇਲਾਵਾ ਅਲਗੋਜ਼ਾ, ਚਿਮਟਾ, ਬੁਗਦੂ ਅਤੇ ਤੂੰਬੀ ਵੀ ਵਜਾਏ ਜਾ ਸਕਦੇ ਹਨ। ਕਲਾਸੀਕਲ ਡਾਂਸ ਦੀ ਤਾਲ, ਰਿਕਾਰਡ ਕੀਤੇ ਗਏ ਮਿਊਜ਼ਿਕ ਅਤੇ ਪੇਸ਼ਕਾਰੀ ਦੇਣ ਸਮੇਂ ਬਾਹਰੋਂ ਕੋਚ / ਇੰਚਾਰਜ ਜਾਂ ਹੋਰ ਕਿਸੇ ਸਹਾਇਕ ਦੀ ਵਰਤੋਂ ਕਰਨ ਦੀ ਮਨਾਹੀ ਹੈ।



Scanned by CamScanner

## 8. ਲੇਖ ਰਚਨਾ

8.1 ਲੇਖ ਰਚਨਾ ਵਿੱਚ ਇੱਕ ਪ੍ਰਤੀਯੋਗੀ ਹੀ ਭਾਗ ਲਵੇਗਾ।
8.2 ਇਹ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਅਤੇ ਸਿਰਫ ਪੰਜਾਬੀ ਭਾਸ਼ਾ ਵਿੱਚ ਹੋਵੇਗੀ।
8.3 ਇਸ ਦਾ ਸਮਾਂ ਵੱਧ ਤੋਂ ਵੱਧ 60 ਮਿੰਟ ਹੋਵੇਗਾ।
8.4 ਲੇਖ ਰਚਨਾ 300 ਤੋਂ 400 ਸ਼ਬਦ ਤੱਕ ਲਿਖੀ ਜਾ ਸਕਦੀ ਹੈ।
8.5 ਇਸ ਲਈ ਸ਼ੀਟ ਅਤੇ ਪੈੱਨ ਆਦਿ ਮੌਕੇ ਤੇ ਦਿੱਤਾ ਜਾਵੇਗਾ।

## 9. ਰੰਗੋਲੀ

9.1 ਹਰੇਕ ਕਾਲਜ ਦੀ ਟੀਮ ਵਿੱਚ ਵੱਧ ਤੋਂ ਵੱਧ ਦੋ ਪ੍ਰਤੀਯੋਗੀ ਹੀ ਭਾਗ ਲੈਣਗੇ।
9.2 ਰੰਗੋਲੀ ਦਾ ਸਮਾਂ ਵੱਧ ਤੋਂ ਵੱਧ 60 ਮਿੰਟ ਹੋਵੇਗਾ।
9.3 ਮਿੱਥੇ ਸਮੇਂ ਤੋਂ ਵੱਧ ਸਮਾਂ ਲੈਣ ਵਾਲੀ ਟੀਮ ਮੁਕਾਬਲੇ ਵਿੱਚੋਂ ਬਾਹਰ ਸਮਝੀ ਜਾਵੇਗੀ।
9.4 ਸਾਰੀਆਂ ਪ੍ਰਤੀਯੋਗੀ ਟੀਮਾਂ ਇੱਕੋਂ ਸਮੇਂ ਰੰਗੋਲੀ ਬਣਾਉਣਗੀਆਂ।
9.5 ਰੰਗੋਲੀ ਦਾ ਵਿਸ਼ਾ ਅਸ਼ਲੀਲ, ਅਸੱਭਿਅਕ ਜਾਂ ਇਤਰਾਜ਼ਯੋਗ ਨਹੀਂ ਹੋਣਾ ਚਾਹੀਦਾ।
9.6 ਲੋੜੀਂਦਾ ਸਾਰਾ ਸਮਾਨ ਪ੍ਰਤੀਯੋਗੀ / ਟੀਮ ਵੱਲੋਂ ਲਿਆਂਦਾ ਜਾਵੇਗਾ।
9.7 ਵੱਧ ਤੋਂ ਵੱਧ ਖੇਤਰਫਲ 9 ਵਰਗ ਫੁੱਟ (3×3 ਫੁੱਟ) ਹੋਵੇਗਾ।
9.8 ਪੱਕੇ ਰੰਗ ਵਰਤਣ ਦੀ ਮਨਾਹੀ ਹੋਵੇਗੀ।

## 10. ਪੋਸਟਰ ਮੇਕਿੰਗ

10.1 ਪੋਸਟਰ ਮੇਕਿੰਗ ਵਿੱਚ ਵੱਧ ਤੋ ਵੱਧ ਦੋ ਪ੍ਰਤੀਯੋਗੀ ਹੀ ਭਾਗ ਲੈਣਗੇ।
10.2 ਇਸ ਦਾ ਸਮਾਂ ਵੱਧ ਤੋਂ ਵੱਧ 60 ਮਿੰਟ ਹੋਵੇਗਾ।
10.3 ਮਿੱਥੇ ਸਮੇਂ ਤੋਂ ਵੱਧ ਸਮਾਂ ਲੈਣ ਵਾਲੀ ਟੀਮ ਮੁਕਾਬਲੇ ਵਿੱਚੋਂ ਬਾਹਰ ਸਮਝੀ ਜਾਵੇਗੀ।
10.4 ਸਾਰੀਆਂ ਪ੍ਰਤੀਯੋਗੀ ਟੀਮਾਂ ਇੱਕੋਂ ਸਮੇਂ ਪੋਸਟਰ ਬਣਾਉਣਗੀਆਂ।
10.5 ਪੋਸਟਰ ਦਾ ਵਿਸ਼ਾ ਅਸ਼ਲੀਲ, ਅਸੱਭਿਅਕ ਜਾਂ ਇਤਰਾਜ਼ਯੋਗ ਨਹੀਂ ਹੋਣਾ ਚਾਹੀਦਾ।
10.6 ਲੋੜੀਂਦਾ ਸਾਰਾ ਸਮਾਨ ਪ੍ਰਤੀਯੋਗੀ / ਟੀਮ ਵੱਲੋਂ ਹੀ ਲਿਆਂਦਾ ਜਾਵੇਗਾ।

6/9/19

ਪ੍ਰਧਾਨ ਪੀ.ਟੀ.ਆਈ.ਐਸ-ਕਮ-ਪ੍ਰਿੰਸੀਪਲ,
ਸਰਕਾਰੀ ਬਹੁਤਕਨੀਕੀ ਕਾਲਜ,
ਬਠਿੰਡਾ।



Scanned by CamScanner

# ਜਨਰਲ ਨਿਯਮ

1. ਹਰ ਆਈਟਮ ਲਈ ਪ੍ਰਤੀ ਕਾਲਜ ਕੇਵਲ ਇੱਕ ਐਂਟਰੀ ਹੋਵੇਗੀ।
2. ਇੱਕ ਵਿਦਿਆਰਥੀ ਵੱਧ ਤੋਂ ਵੱਧ ਤਿੰਨ ਆਈਟਮਾਂ ਵਿੱਚ ਭਾਗ ਲੈ ਸਕਦਾ ਹੈ।
3. ਹਰ ਆਈਟਮ ਵਿੱਚ ਘੱਟੋ-ਘੱਟ ਪੰਜ ਐਂਟਰੀਆਂ ਹੋਣੀਆਂ ਜਰੂਰੀ ਹਨ, 5 ਤੋਂ ਘੱਟ ਐਂਟਰੀਆਂ ਹੋਣ ਤੇ ਆਈਟਮ ਰੱਦ ਸਮਝੀ ਜਾਵੇਗੀ।
4. ਇਤਰਾਜ਼ ਚਲਦੀ ਆਈਟਮ ਦੇ ਦੌਰਾਨ ਜਾਂ ਸਮਾਪਤ ਹੋਣ ਤੋਂ ਅੱਧੇ ਘੰਟੇ ਤੱਕ 500/- ਰੁਪਏ ਫੀਸ ਜਮਾਂ ਕਰਾਉਣ ਤੇ ਹੀ ਹੋ ਸਕਦਾ ਹੈ ਅਤੇ ਇਹ ਇਤਰਾਜ਼ ਲਿਖਤੀ ਰੂਪ ਵਿੱਚ ਪ੍ਰਧਾਨ / ਪ੍ਰਬੰਧਕੀ ਸਕੱਤਰ ਪੀ.ਟੀ.ਆਈ.ਐਸ ਨੂੰ ਦਿੱਤੇ ਜਾਣਗੇ। ਫੀਸ ਨਾ ਜਮਾਂ ਹੋਣ ਤੇ ਇਤਰਾਜ਼ ਨਹੀਂ ਮੰਨਿਆ ਜਾਵੇਗਾ। ਕਿਸੇ ਵੀ ਸੂਰਤ ਵਿੱਚ ਫੀਸ ਵਾਪਸ ਨਹੀਂ ਹੋਵੇਗੀ।
5. ਜੱਜ ਸਾਹਿਬਾਨਾਂ ਦੀ ਜੱਜਮੈਂਟ ਫਾਈਨਲ ਹੋਵੇਗੀ।
6. ਘੱਟ ਜਾਂ ਵੱਧ ਸਮਾਂ ਲੈਣ ਵਾਲੀ ਟੀਮ ਨੂੰ ਮੁਕਾਬਲੇ ਵਿੱਚੋਂ ਬਾਹਰ ਸਮਝਿਆ ਜਾਵੇਗਾ।
7. ਤਿੰਨ ਜੱਜ ਸਾਹਿਬਾਨਾਂ ਦੇ ਪੈਨਲ ਵਿੱਚੋਂ ਔਸਤ ਨੰਬਰਾਂ ਦੇ ਅਧਾਰ ਤੇ ਪ੍ਰਤੀਯੋਗੀ ਦੀ ਪੁਜੀਸ਼ਨ ਬਾਰੇ ਫੈਸਲਾ ਕੀਤਾ ਜਾਵੇਗਾ।
8. ਟਾਈਮ ਕੀਪਰ ਵੱਲੋਂ ਵੱਧ ਜਾਂ ਘੱਟ ਸਮਾਂ ਲੈਣ ਵਾਲੇ ਪ੍ਰਤੀਯੋਗੀ / ਟੀਮ ਬਾਰੇ ਜੱਜ ਸਾਹਿਬਾਨਾਂ ਨੂੰ ਸਮੇਂ ਸਿਰ ਸੂਚਿਤ ਕਰਨਾ ਹੋਵੇਗਾ।
9. ਪ੍ਰਤੀਯੋਗੀ / ਟੀਮ ਦੀ ਫੋਟੋ ਅਤੇ ਪ੍ਰੋਫਾਰਮਾ ਤਸਦੀਕ ਕਰਨ ਸਮੇਂ ਸਬੰਧਤ ਕਾਲਜ ਦੇ ਪ੍ਰਿੰਸੀਪਲ ਸਾਹਿਬਾਨ ਸਰਟੀਫਿਕੇਟ ਦੇਣਗੇ ਕਿ ਉਪਰੋਕਤ ਵਿਦਿਆਰਥੀ ਉਸ ਕਾਲਜ ਦੇ ਬੋਨਾਫਾਈਡ ਵਿਦਿਆਰਥੀ ਹਨ। ਗਰੁੱਪ ਫੋਟੋ ਦਾ ਪ੍ਰੋਫਾਰਮੇ ਨਾਲ ਸਹੀ ਮਿਲਾਨ ਕਰਕੇ ਭੇਜਣਾ ਯਕੀਨੀ ਬਣਾਇਆ ਜਾਵੇ।
10. ਪੀ.ਟੀ.ਆਈ.ਐਸ. ਗਤੀਵਿਧੀਆਂ ਵਾਲੇ ਪੰਡਾਲ ਤੋਂ ਬਾਹਰ ਵੀ ਘੱਟੋ-ਘੱਟ ਇੱਕ ਸਪੀਕਰ ਲਗਾਇਆ ਜਾਵੇ ਤਾਂ ਜੋ ਹੋਣ ਵਾਲੀ ਅਨਾਂਉਸਮੈਂਟ ਬਾਰੇ ਪੰਡਾਲ ਤੋਂ ਬਾਹਰ ਵੀ ਸੂਚਨਾ ਮਿਲਦੀ ਰਹੇ।
11. ਹਰ ਆਈਟਮ ਤੋਂ ਬਾਅਦ ਜੱਜ ਸਾਹਿਬਾਨ ਆਪਣੀ ਜੱਜਮੈਂਟ ਸੀਲ ਕਰਕੇ ਪ੍ਰਧਾਨ ਪੀ.ਟੀ.ਆਈ.ਐਸ. ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਨੂੰ ਸੌਂਪਣਗੇ ਜੋ ਜੱਜਮੈਂਟ ਕੰਪਾਈਲ ਕਰੇਗੀ।
12. ਹਰੇਕ ਆਈਟਮ ਲਈ ਕਾਲਜਾਂ ਦੀ ਕੋਡਿੰਗ ਕੀਤੀ ਜਾਵੇਗੀ ਅਤੇ ਕੋਡ ਕੀਤੀ ਲਿਸਟ ਹੀ ਜੱਜ ਸਾਹਿਬਾਨਾਂ ਨੂੰ ਸੌਂਪੀ ਜਾਵੇਗੀ।
13. ਸਟੇਜ ਤੇ ਵੀ ਸਿਰਫ ਕਾਲਜਾਂ ਨੂੰ ਅਲਾਟ ਕੀਤਾ ਕੋਡ ਨੰਬਰ ਹੀ ਅਨਾਂਊਸ ਕੀਤਾ ਜਾਵੇਗਾ ਅਤੇ ਕਿਸੇ ਕਾਲਜ ਦਾ ਨਾਂ ਨਹੀਂ ਲਿਆ ਜਾਵੇਗਾ।
14. ਯੁਵਕ ਮੇਲੇ ਵਿੱਚ ਭਾਗ ਲੈਣ ਵਾਲੇ ਪ੍ਰਤੀਯੋਗੀ ਦੀ ਉਮਰ ਸਬੰਧੀ ਕੋਈ ਪਾਬੰਦੀ ਨਹੀਂ ਹੋਵੇਗੀ।

6/9/19

ਪ੍ਰਧਾਨ ਪੀ.ਟੀ.ਆਈ.ਐਸ.-ਕਮ-ਪ੍ਰਿੰਸੀਪਲ,
ਸਰਕਾਰੀ ਬਹੁਤਕਨੀਕੀ ਕਾਲਜ,
ਬਠਿੰਡਾ।



Scanned by CamScanner